# ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼ 8, ਮੋਹਾਲੀ

ਈਮੇਲ: directorscert@punjabeducation.gov.in, ਫੋਨ ਨੰ: 0172-2212221


Azadi Ka Amrit Mahotsav

ਵੱਲ:

ਸਮੂਹ ਸਕੂਲ ਮੁਖੀ,
ਪੰਜਾਬ ਰਾਜ ਦੇ ਸਮੂਹ ਪ੍ਰਾਈਵੇਟ/ਏਡਿਡ/ਐਫੀਲਿਏਟਿਡ ਸਕੂਲ।
(ਸਮੂਹ ਸਿੱਖਿਆ ਬੋਰਡਾਂ ਨਾਲ ਸਬੰਧਤ)

ਪੱਤਰ ਨੰ.: SCERT/SCI/2023-24/E-515499 ਮਿਤੀ: ਐਸ.ਏ.ਐਸ. ਨਗਰ: 04-06-2023

**ਵਿਸ਼ਾ- ਗਰਮੀ ਦੀਆਂ ਛੁੱਟੀਆਂ ਦੌਰਾਨ ਜਮਾਤ ਪਹਿਲੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੂੰ ਪੰਜਾਬ ਦੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ ਲਈ ਨਿਵੇਕਲਾ ਉਪਰਾਲਾ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਮਾਣਯੋਗ ਸਕੂਲ ਸਿੱਖਿਆ ਮੰਤਰੀ ਪੰਜਾਬ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ **'ਇਸ ਵਾਰ ਛੁੱਟੀਆਂ ਦੇ ਰੰਗ ਵੱਖਰੇ, ਸਿੱਖਣ ਸਿਖਾਉਣ ਦੇ ਢੰਗ ਵੱਖਰੇ'** ਦੇ ਨਾਰੇ ਹੇਠ ਗਰਮੀ ਦੀਆਂ ਛੁੱਟੀਆਂ ਦੌਰਾਨ ਵਿਦਿਆਰਥੀਆਂ ਨੂੰ ਪੰਜਾਬ ਦੇ ਮਹਾਨ ਵਿਰਸੇ ਨਾਲ ਜੋੜਨ ਦਾ ਨਿਵੇਕਲਾ ਉਪਰਾਲਾ ਸ਼ੁਰੂ ਕੀਤਾ ਗਿਆ ਹੈ।

2.1 ਇਸ ਪ੍ਰੋਗਰਾਮ ਦਾ ਮੰਤਵ ਵਿਦਿਆਰਥੀਆਂ ਵਿੱਚ ਅਲੋਪ ਹੋ ਰਹੇ ਠੇਠ ਪੰਜਾਬੀ ਸ਼ਬਦਾਂ ਨੂੰ ਖੋਜਣ ਦੀ ਜਿਗਿਆਸਾ ਪੈਦਾ ਕਰਨਾ ਅਤੇ ਉਹਨਾਂ ਸ਼ਬਦਾਂ ਬਾਰੇ ਸਮਝ ਵਿਕਸਤ ਕਰਨ ਦੇ ਨਾਲ-ਨਾਲ ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਨੂੰ ਪੰਜਾਬ ਦੇ ਮਹਾਨ ਸੱਭਿਆਚਾਰ ਨਾਲ ਜੋੜਣਾ ਹੈ।

3.0 ਇਸ ਪ੍ਰੋਗਰਾਮ ਅਧੀਨ ਪਹਿਲੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਪਹਿਲਾਂ ਤੋਂ ਦਿੱਤੇ ਛੁੱਟੀਆਂ ਦੇ ਕੰਮ ਦੇ ਨਾਲ-ਨਾਲ ਰੋਜ਼ਾਨਾ ਇੱਕ ਠੇਠ ਪੰਜਾਬੀ ਦਾ ਅਲੋਪ ਹੋ ਰਿਹਾ ਸ਼ਬਦ (ਕੁੱਲ 30 ਸ਼ਬਦ) ਅਤੇ ਉਸਦੇ ਅਰਥ ਲਿਖ ਕੇ ਲਿਆਉਣ ਅਤੇ ਯਾਦ ਕਰਨ ਲਈ ਕਿਹਾ ਜਾਵੇ।

3.1 ਇਸ ਦੇ ਨਾਲ-ਨਾਲ ਪਹਿਲੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਰਿਸ਼ਤੇਦਾਰੀਆਂ ਦੇ ਪੰਜਾਬੀ ਨਾਂ, ਉਹਨਾਂ ਨਾਲ ਸਾਂਝ ਅਤੇ ਆਮ ਜੀਵਨ ਵਿੱਚ ਵਰਤੋਂ ਦੀਆਂ ਚੀਜ਼ਾਂ ਦੇ ਨਵੇਂ ਅਤੇ ਪੁਰਾਣੇ ਨਾਵਾਂ ਬਾਰੇ ਜਾਣਕਾਰੀ ਇਕੱਠੀ ਕਰਨ ਦਾ ਕੰਮ ਵੀ ਦਿੱਤਾ ਜਾਵੇ।

4.0 ਜਮਾਤ ਪੰਜਵੀਂ ਤੋਂ ਅੱਠਵੀਂ ਦੇ ਵਿਦਿਆਰਥੀ ਠੇਠ ਪੰਜਾਬੀ ਸ਼ਬਦਾਂ ਦੇ ਨਾਲ-ਨਾਲ ਦੇਸੀ ਮਹੀਨਿਆਂ ਦੇ ਨਾਂ (ਬਾਰਾਂਮਾਹ), ਇਹਨਾਂ ਦੇ ਸ਼ੁਰੂ ਹੋਣ ਦਾ ਸਮਾਂ ਅਤੇ ਦੇਸੀ ਮਹੀਨਿਆਂ ਦੇ ਰੁੱਤਾਂ ਨਾਲ ਸਬੰਧ ਬਾਰੇ ਜਾਣਕਾਰੀ ਇਕੱਤਰ ਕਰਨਗੇ।

5.0 ਸਮੂਹ ਸਕੂਲ ਮੁਖੀ ਇਹ ਵਿਸ਼ੇਸ਼ ਧਿਆਨ ਰੱਖਣਗੇ ਕਿ ਗਰਮੀ ਦੀਆਂ ਛੁੱਟੀਆਂ ਦੌਰਾਨ ਵਿਦਿਆਰਥੀਆਂ ਨੂੰ ਉਕਤ ਗਤੀਵਿਧੀਆਂ ਕਰਵਾਉਣ ਲਈ ਮਾਪਿਆਂ ਤੇ ਕੋਈ ਵੀ ਵਾਧੂ ਵਿੱਤੀ ਬੋਝ ਨਾ ਪਾਇਆ ਜਾਵੇ।

6.0 ਲੜੀ ਨੰ. 3.0 ਅਤੇ 3.1 ਵਿੱਚ ਦਰਜ ਗਤੀਵਿਧੀਆਂ ਅਧੀਨ ਗਰਮੀ ਦੀਆਂ ਛੁੱਟੀਆਂ ਦੀ ਸਮਾਪਤੀ ਉਪਰੰਤ ਵਿਦਿਆਰਥੀਆਂ ਵੱਲੋਂ ਲਿਖ ਕੇ ਲਿਆਂਦੇ ਠੇਠ ਪੰਜਾਬੀ ਸ਼ਬਦਾਂ ਦੇ ਉੱਤਮ ਕਾਰਜ ਨੂੰ ਸਕੂਲ ਦੇ ਡਿਸਪਲੇ ਬੋਰਡ ਤੇ ਪ੍ਰਦਰਸ਼ਿਤ ਕੀਤੇ ਜਾਣ ਤੇ ਅਜਿਹੇ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਸਨਮਾਨਿਤ ਕਰਨ ਦਾ ਸੁਝਾਅ ਹੈ।

7.0 ਸਕੂਲ ਵੱਲੋਂ ਵਿਦਿਆਰਥੀਆਂ ਦੁਆਰਾ ਇਕੱਤਰ ਕੀਤੇ ਸ਼ਬਦਾਂ ਅਤੇ ਉਸ ਦੀ ਪੇਸ਼ਕਾਰੀ ਦੇ ਆਧਾਰ ਤੇ ਤਿੰਨ ਸਭ ਤੋਂ ਉੱਤਮ ਕਾਰਜਾਂ ਨੂੰ Pdf ਦੇ ਰੂਪ ਵਿੱਚ ਮਿਤੀ 15-07-2023 ਤੱਕ ਵਿਭਾਗ ਦੀ ਈ-ਮੇਲ ਆਈ. ਡੀ. punjabschoolholidays2023@gmail.com ਤੇ ਭੇਜਣਾ ਯਕੀਨੀ ਬਣਾਇਆ ਜਾਵੇ ਤਾਂ ਕਿ ਵਿਭਾਗ ਵੱਲੋਂ ਅਜਿਹੇ ਵਿਦਿਆਰਥੀਆਂ ਦੁਆਰਾ ਪੇਸ਼ ਕਾਰਜ ਨੂੰ ਘੋਖਦੇ ਹੋਏ ਚੋਣਵੀਆਂ ਪੇਸ਼ਕਾਰੀਆਂ ਨੂੰ ਰਾਜ ਪੱਧਰ ਤੇ ਪ੍ਰੋਤਸਾਹਿਤ ਕੀਤਾ ਜਾ ਸਕੇ।

8.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ./ਸੈ.ਸਿ.) ਅਤੇ ਬੀਪੀਈਓ ਆਪਣੇ ਅਧਿਕਾਰ ਖੇਤਰ ਵਿੱਚ ਪੈਂਦੇ ਸਕੂਲਾਂ ਵਿੱਚ ਵਿਭਾਗ ਦੇ ਇਨ੍ਹਾਂ ਆਦੇਸ਼ਾਂ ਦੀ ਪਾਲਨਾ ਯਕੀਨੀ ਬਣਾਉਣਗੇ।

ਆਨੰਦ ਸਾਗਰ ਸ਼ਰਮਾ, ਪੀ. ਸੀ. ਐਸ.
ਡਾਇਰੈਕਟਰ ਸਕੂਲ ਸਿੱਖਿਆ (ਸੈ. ਸਿ.), ਪੰਜਾਬ
ਮਿਤੀ: 04-06-2023

ਪਿੱਠਅੰਕਣ ਨੰ.: ਉਕਤ
ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਨਿਜੀ ਸਕੱਤਰ, ਸਕੂਲ ਸਿੱਖਿਆ ਮੰਤਰੀ ਪੰਜਾਬ।
2. ਨਿਜੀ ਸਕੱਤਰ, ਵਧੀਕ-ਮੁੱਖ ਸਕੱਤਰ ਸਕੂਲ ਸਿੱਖਿਆ ਪੰਜਾਬ।
3. ਨਿਜੀ ਸਕੱਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਨਿਜੀ ਸਕੱਤਰ, ਡਾਇਰੈਕਟਰ ਸਕੂਲ ਸਿੱਖਿਆ (ਸੈ. ਸਿ.) ਪੰਜਾਬ।
5. ਨਿਜੀ ਸਕੱਤਰ, ਡਾਇਰੈਕਟਰ ਸਕੂਲ ਸਿੱਖਿਆ (ਐ. ਸਿ.) ਪੰਜਾਬ।
6. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ./ਸੈ.ਸਿ.) ਪੰਜਾਬ।
7. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

ਡਾਇਰੈਕਟਰ ਐਸ. ਸੀ. ਈ. ਆਰ. ਟੀ., ਪੰਜਾਬ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ : ਜੀ-1/1 ( ) 2023 / 4015 ਮਿਤੀ : 06/06/2023

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਸਸਸਸ /ਸਹਸ/ਸਮਿਸ ਜਿਲ੍ਹਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।